# ਕਿਰਾਏਦਾਰਾਂ ਲਈ ਜਾਣਕਾਰੀ ਸੋਮੇ ਅਤੇ ਉਨ੍ਹਾਂ ਦੇ ਹੱਕ

## ਮੈਂ ਕਿਰਾਏਦਾਰਾਂ ਲਈ ਜਾਣਕਾਰੀ ਦੇ ਸੋਮਿਆਂ ਅਤੇ ਹੱਕਾਂ ਬਾਰੇ ਹੋਰ ਕਿੱਥੋਂ ਜਾਣ ਸਕਦਾ/ਸਕਦੀ ਹਾਂ?

ਨਿਊ ਵੈਸਟਮਿਨਸਟਰ ਸਿਟੀ ਨੇ ਕਿਰਾਏਦਾਰਾਂ ਦੀ ਰੱਖਿਆ ਅਤੇ ਸੋਮਿਆਂ ਬਾਰੇ ਇਕ ਨਵਾਂ ਸਫਾ (ਵੈੱਬ ਪੇਜ) ਤਿਆਰ ਕੀਤਾ ਹੈ ਜਿਸ ਵਿਚ ਕਿਰਾਏਦਾਰਾਂ ਦੇ ਮਸਲਿਆਂ ਨਾਲ ਸਬੰਧਤ ਸਿਟੀ ਦੀਆਂ ਨੀਤੀਆਂ ਅਤੇ ਕੰਮਾਂ ਬਾਰੇ ਜਾਣਕਾਰੀ ਅਤੇ ਨਾਲ ਹੀ ਦੂਜੇ ਹੋਰ ਸੋਮਿਆਂ ਦੇ ਲਿੰਕ ਵੀ ਸ਼ਾਮਲ ਕੀਤੇ ਹਨ। ਇਹ ਵੈੱਬਸਾਈਟ ਏਥੇ ਦੇਖੀ ਜਾ ਸਕਦੀ ਹੈ:

https://www.newwestcity.ca/housing/tenant-protection-and-resources

ਨਿਊ ਵੈਸਟਮਿਨਸਟਰ ਵਿਚ ਕਿਰਾਏ ਵਾਲੀਆਂ ਇਮਾਰਤਾਂ ਦੀ ਸਾਂਭ ਸੰਭਾਲ ਅਤੇ ਹਾਲਤਾਂ ਬਿਜ਼ਨਿਸ ਰੈਗੂਲੇਸ਼ਨਜ਼ ਅਤੇ ਲਾਇਸੈਂਸਿੰਗ (ਰੈਂਟਿਲ ਯੂਨਿਟ) ਦੇ ਬਾਈਲਾਅ (ਉੱਪ ਨਿਯਮ) ਨੰਬਰ 6926, 2004 ਦੇ ਕਾਨੂੰਨ ਅਧੀਨ ਆਉਂਦੇ ਹਨ। ਇਹ ਬਾਈਲਾਅ ਏਥੇ ਦੇਖਿਆ ਜਾ ਸਕਦਾ ਹੈ:

https://www.newwestcity.ca/database/files/library/6926bus_reg.pdf

ਬ੍ਰਿਟਿਸ਼ ਕੋਲੰਬੀਆ ਵਿਚ ਕਿਰਾਏ ਨਾਲ ਸਬੰਧਤ ਬਹੁਤ ਸਾਰੇ ਨਿਯਮ ਸੂਬੇ ਦੀ ਸਰਕਾਰ ਦੇ *ਰੈਜ਼ੀਡੈਂਸ਼ਿਅਲ ਟੈਨੇਨਸੀ ਐਕਟ* ਅਤੇ *ਰੈਜ਼ੀਡੈਂਸ਼ਿਅਲ ਟੈਨੇਨਸੀ ਰੈਗੂਲੇਸ਼ਨ* ਵਾਲੇ ਕਾਨੂੰਨਾਂ ਅਧੀਨ ਆਉਂਦੇ ਹਨ। ਇਨ੍ਹਾਂ ਕਾਨੂੰਨਾਂ ਨਾਲ ਸਬੰਧ ਰੱਖਣ ਵਾਲੇ ਬਹੁਤ ਸਾਰੇ ਵਿਸ਼ਿਆਂ ਅਤੇ ਹੋਰ ਸਬੰਧਤ ਵਿਸ਼ਿਆਂ ਬਾਰੇ ਟੈਨੈਂਟ ਰੀਸੋਰਸ ਅਤੇ ਐਡਵਾਇਜ਼ਰੀ ਸੈਂਟਰ ਦੀ *ਟੈਨੈਂਟ ਸਰਵਾਈਵਲ ਗਾਈਡ* ਵਿਚ ਸਰਲ ਭਾਸ਼ਾ ਵਿਚ ਜਾਣਕਾਰੀ ਸ਼ਾਮਲ ਕੀਤੀ ਗਈ ਹੈ। ਇਹ ਇਸ ਲਿੰਕ ’ਤੇ ਦੇਖੇ ਜਾ ਸਕਦੇ ਹਨ:

http://tenants.bc.ca/tenant-survival-guide/

## ਟੈਨੈਨਸੀ ਨਿਯਮਾਂ ਦੀਆਂ ਕੁਝ ਦੇਰ ਪਹਿਲਾਂ ਹੋਈਆਂ ਤਬਦੀਲੀਆਂ ਬਾਰੇ ਮੈਂ ਹੋਰ ਕਿੱਥੋਂ ਜਾਣ ਸਕਦਾ/ਸਕਦੀ ਹਾਂ?

*ਰੈਜ਼ੀਡੈਂਸ਼ਿਅਲ ਟੈਨੇਨਸੀ ਐਕਟ* ਦੀਆਂ ਕੁਝ ਦੇਰ ਪਹਿਲਾਂ ਹੋਈਆਂ ਤਬਦੀਲੀਆਂ ਬਾਰੇ ਅਤੇ ਹੋਰ ਟੈਨੈਂਸੀ ਨਿਯਮਾਂ ਬਾਰੇ ਸੂਬੇ ਦੀ ਸਰਕਾਰ ਦੇ ਚੇਂਜਸ ਟੂ ਟੈਨੈਨਸੀ ਲਾਅ ਵੈੱਬਸਾਈਟ ਤੋਂ ਜਾਣਕਾਰੀ ਹਾਸਿਲ ਕੀਤੀ ਜਾ ਸਕਦੀ ਹੈ ਜਿਸਦਾ ਲਿੰਕ ਹੈ:

https://www2.gov.bc.ca/gov/content/housing-tenancy/residential-tenancies/changes-to-tenancy-laws

## ਜੇ ਕਿਰਾਏਦਾਰੀ ਸਬੰਧੀ ਮੇਰੀਆਂ ਕੁਝ ਚਿੰਤਾਵਾਂ ਹੋਣ ਤਾਂ ਮੈਂ ਕਿਹਦੇ ਨਾਲ ਸੰਪਰਕ ਕਰਾਂ?

ਇਹ ਤੁਹਾਡੀ ਚਿੰਤਾ ਦੀ ਕਿਸਮ ’ਤੇ ਨਿਰਭਰ ਕਰਦਾ ਹੈ:

1) **ਕਿਸੇ ਕਿਰਾਏ ਵਾਲੀ ਇਮਾਰਤ ਦੀ ਹਾਲਤ ਅਤੇ ਸਾਂਭ ਸੰਭਾਲ ਸਬੰਧਤ ਚਿੰਤਾਵਾਂ** ਬਾਰੇ ਕਿਰਪਾ ਕਰਕੇ ਨਿਊ ਵੈਸਟਮਿਨਸਟਰ ਸਿਟੀ ਦੇ ਉੱਪ ਨਿਯਮਾਂ ਨੂੰ ਲਾਗੂ ਕਰਵਾਉਣ ਵਾਲੇ ਵਿਭਾਗ (ਬਾਈ ਲਾਅ ਇਨਫੋਰਸਮੈਂਟ ਡਿਵੀਜ਼ਨ) ਨਾਲ 604-527-4657 ’ਤੇ ਸੰਪਰਕ ਕਰੋ ਜਾਂ: bylawenforcement@newwestcity.ca

2) **ਕਿਸੇ ਕਿਰਾਏ ਵਾਲੀ ਇਮਾਰਤ ਨਾਲ ਸਬੰਧਤ ਰੈਨੋਵੇਸ਼ਨ ਜਾਂ ਬਿਲਡਿੰਗ ਪਰਮਿੱਟ ਨਾਲ ਸਬੰਧਤ ਚਿੰਤਾਵਾਂ** ਬਾਰੇ ਕਿਰਪਾ ਕਰਕੇ ਨਿਊ ਵੈਸਟਮਿਨਸਟਰ ਸਿਟੀ ਦੀ ਬਿਲਡਿੰਗ ਡਿਵੀਜ਼ਨ ਨਾਲ 604-527-4580 ’ਤੇ ਸੰਪਰਕ ਕਰੋ।

3) **ਕਿਰਾਏਦਾਰਾਂ ਦੇ ਹੱਕਾਂ ਨਾਲ ਸਬੰਧਤ ਚਿੰਤਾਵਾਂ (ਡੀਪਾਜ਼ਿੱਟਸ, ਲੇਟ ਫੀਸਾਂ, ਝਗੜੇ, ਆਦਿ) ਬਾਰੇ** ਕਿਰਪਾ ਕਰਕੇ ਟੀ ਆਰ ਏ ਸੀ (ਟੈਨੈਂਟ ਰੀਸੋਰਸ ਐਂਡ ਐਡਵਾਇਜ਼ਰੀ ਸੈਂਟਰ) ਨਾਲ 604- 255-0546 ਜਾਂ 1-800 665- 1185 ’ਤੇ ਸੰਪਰਕ ਕਰੋ ਜਾਂ ਉਨ੍ਹਾਂ ਦੀ ਵੈੱਬਸਾਈਟ : http://tenants.bc.ca/ ’ਤੇ ਜਾਵੋ। ਸੂਬੇ ਦੀ ਰੈਜ਼ੀਡੈਂਸ਼ੀਅਲ ਟੈਨੈਂਸੀ ਸ਼ਾਖਾ ਨਾਲ ਵੀ 604-660-1020 ਜਾਂ 1-800-665-8779 ’ਤੇ ਸੰਪਰਕ ਕੀਤਾ ਜਾ ਸਕਦਾ ਹੈ ਜਾਂ ਈਮੇਲ: HSRTO@gov.bc.ca – ਜਾਂ ਉਨ੍ਹਾਂ ਦੀ ਵੈੱਬ ਸਾਈਟ ਰਾਹੀਂ: http://www2.gov.bc.ca/gov/content/housing-tenancy/residential-tenancies/contact-the-residential-tenancy-branch

## ਜੇ ਮੈਨੂੰ ਆਪਣੀ ਕਿਰਾਏਦਾਰੀ ਕਾਇਮ ਰੱਖਣ ਲਈ ਜਾਂ ਕਿਰਾਏ ਵਾਲਾ ਥਾਂ ਭਾਲਣ ਵਿਚ ਹੋਰ ਸਹਾਇਤਾ ਦੀ ਲੋੜ ਹੋਵੇ ਤਾਂ ਮੈਂ ਕਿਹਦੇ ਨਾਲ ਸੰਪਰਕ ਕਰਾਂ?

ਜਿਹੜੇ ਕਿਰਾਏਦਾਰਾਂ ਨੂੰ ਆਪਣੀ ਮੌਜੂਦਾ ਕਿਰਾਏਦਾਰੀ ਖੁੱਸਣ ਦਾ ਡਰ ਹੋਵੇ ਅਤੇ/ਜਾਂ ਉਨ੍ਹਾਂ ਨੂੰ ਕਿਰਾਏ ਦਾ ਥਾਂ ਭਾਲਣ ਵਿਚ ਵਾਧੂ ਸਹਾਇਤਾ ਦੀ ਲੋੜ ਹੋਵੇ, ਉਨ੍ਹਾਂ ਕੋਲ ਕਈ ਚੋਣਾਂ ਹਨ:

1) **ਲੁੱਕਆਊਟ ਹਾਊਸਿੰਗ + ਹੈਲਥ ਸੁਸਾਇਟੀ**: ਲੁੱਕਆਊਟ ਹਾਊਸਿੰਗ + ਹੈਲਥ ਸੁਸਾਇਟੀ ਘਰਾਂ ਸਬੰਧੀ ਸਲਾਹ ਮਸ਼ਵਰਾ ਦਿੰਦੀਆਂ ਹਨ, ਸਹਾਇਤਾ ਅਤੇ ਹਵਾਲਾ (ਰੈਫਰਲ) ਸੇਵਾਵਾਂ ਪ੍ਰਦਾਨ ਕਰਦੀਆਂ ਹਨ ਉਨ੍ਹਾਂ ਲੋਕਾਂ ਵੱਲ ਵਿਸ਼ੇਸ਼ ਧਿਆਨ ਦਿੰਦੀਆਂ ਹਨ ਜਿਹੜੇ ਬੇਘਰੇ ਹਨ ਜਾਂ ਬੇਘਰੇ ਹੋਣ ਕਿਨਾਰੇ ਹੋਣ। ਉਹ ਨਿਊ ਵੈਸਟਮਿਨਸਟਰ ਵਿਚ ਰੱਸਲ ਹਾਊਸਿੰਗ ਸੈਂਟਰ, 740 ਕਰਨਾਰਵੌਨ ਸਟਰੀਟ ’ਤੇ ਸਥਿਤ ਹਨ ਅਤੇ ਉਨ੍ਹਾਂ ਨਾਲ ਇਸ ਈਮੇਲ ਰਾਹੀਂ: ornewwest@lookoutsociety.ca ਜਾਂ 604-529-9126 ext 106 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਵੈੱਬਸਾਈਟ ਵੀ ਹੈ ਜਿਸ ’ਤੇ ਇਸ ਲਿੰਕ ਰਾਹੀਂ ਜਾਇਆ ਜਾ ਸਕਦਾ ਹੈ: https://lookoutsociety.ca/what-we-do/housing/

2) **ਸੀਨੀਅਰ ਸਰਵਿਸਸ ਸੁਸਾਇਟੀ**: ਸੀਨੀਅਰ ਸਰਵਿਸਸ ਸੁਸਾਇਟੀ ਬਜ਼ੁਰਗਾਂ (60 ਸਾਲ ਤੋਂ ਉੱਪਰ) ਨੂੰ ਘਰਾਂ ਬਾਰੇ ਸਲਾਹ ਮਸ਼ਵਰਾ ਦਿੰਦੀ ਹੈ, ਸਹਾਇਤਾ ਅਤੇ ਹਵਾਲਾ (ਰੈਫਰਲ) ਸੇਵਾਵਾਂ ਪ੍ਰਦਾਨ ਕਰਦੀ ਹੈ। ਉਹ ਨਿਊ ਵੈਸਟਮਿਨਸਟਰ ਵਿਚ ਰੱਸਲ ਹਾਊਸਿੰਗ ਸੈਂਟਰ, 750 ਕਰਨਾਰਵੌਨ ਸਟਰੀਟ ’ਤੇ ਸਥਿਤ ਹਨ ਅਤੇ ਉਨ੍ਹਾਂ ਨਾਲ 604-520-6621 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਵੈੱਬਸਾਈਟ ਵੀ ਹੈ ਜਿਸ ’ਤੇ ਇਸ ਲਿੰਕ ਰਾਹੀਂ ਜਾਇਆ ਜਾ ਸਕਦਾ ਹੈ: http://www.seniorsservicessociety.ca/hhc.htm

3) **ਨਿਊ ਵੈਸਟਮਿਨਸਟਰ ਰੈਂਟ ਬੈਂਕ (ਲੋਅਰ ਮੇਨਲੈਂਡ ਪਰਪਜ਼ ਸੁਸਾਇਟੀ)**: ਨਿਊ ਵੈਸਟਮਿਨਸਟਰ ਰੈਂਟ ਬੈਂਕ ਨਿਊ ਵੈਸਟਮਿਨਸਟਰ ਦੇ ਘੱਟ ਆਮਦਨੀ ਵਾਲੇ ਵਸਨੀਕਾਂ ਨੂੰ ਕਿਰਾਇਆ ਜਾਂ ਘਰੇਲੂ ਖਰਚਿਆਂ ਵਾਸਤੇ ਪੈਸੇ ਉਧਾਰ ਦਿੰਦੀ ਹੈ ਜੋ ਆਰਜ਼ੀ ਤੌਰ ’ਤੇ ਆਰਥਿਕ ਤੰਗੀ ਮਹਿਸੂਸ ਕਰ ਰਹੇ ਹੋਣ। ਨਿਊ ਵੈਸਟਮਿਨਸਟਰ ਰੈਂਟ ਬੈਂਕ ਲੋਅਰ ਮੇਨਲੈਂਡ ਪਰਪਜ਼ ਸੁਸਾਇਟੀ 40 ਬੈਗਬੀ ਸਟਰੀਟ ਨਿਊ ਵੈਸਟਮਿਨਸਟਰ ਦੇ ਅੰਦਰ ਹੀ ਸਥਿਤ ਹੈ ਅਤੇ ਉਨ੍ਹਾਂ ਨਾਲ 604-526-2522 ’ਤੇ ਸੰਪਰਕ ਕੀਤਾ ਜਾ ਸਕਦਾ ਹੈ। ਉਨ੍ਹਾਂ ਦਾ ਵੈੱਬਸਾਈਟ ਵੀ ਹੈ ਜਿਸ ’ਤੇ ਇਸ ਲਿੰਕ ਰਾਹੀਂ ਜਾਇਆ ਜਾ ਸਕਦਾ ਹੈ: http://www.purposesociety.org/events/categories/family-programs/rent-bank/

4) **ਬੀ ਸੀ ਹਾਊਸਿੰਗ**: ਬੀ ਸੀ ਹਾਊਸਿੰਗ ਕੋਲ ਨਿਊ ਵੈਸਟਮਿਨਸਟਰ ਵਿਚਲੀਆਂ ਨਾਨ-ਮਾਰਕਿਟ ਰੈਂਟਲ ਇਮਾਰਤਾਂ (ਬਾਜ਼ਾਰ ਨਾਲੋਂ ਘੱਟ ਕਿਰਾਏ ਵਾਲੀਆਂ) ਅਤੇ ਕੋ-ਆਪਾਂ ਦੀ ਸੂਚੀ ਹੈ (ਵੈੱਬਸਾਈਟ: https://www.bchousing.org/housing-assistance/rental-housing/housing-listings) ਅਤੇ ਮੱਦਦ ਵਾਲੇ ਘਰਾਂ (ਸਬਸੀਡਾਈਜ਼ ਹਾਊਸਿੰਗ) ਲਈ ਅਰਜ਼ੀ ਦੇਣ ਲਈ ਜਾਣਕਾਰੀ (ਫੋਨ ਨੰਬਰ: 604-433-2218 ਜਾਂ 1-800-257-7756; ਵੈੱਬਸਾਈਟ: https://www.bchousing.org/housing-assistance/rental-housing/subsidized-housing) ਬੀ ਸੀ ਹਾਊਸਿੰਗ ਕੋਲ ਰੈਂਟਲ ਸਬਸਿਡੀ ਪ੍ਰੋਗਰਾਮ ਵੀ ਹਨ: ਆਰ ਏ ਪੀ (ਰੈਂਟਲ ਅਸਿਸਟੈਂਸ ਪ੍ਰੋਗਰਾਮ ਘੱਟ ਤਨਖਾਹ ਵਾਲੇ ਕੰਮ ਕਰਦੇ ਪਰਿਵਾਰਾਂ ਲਈ) ਅਤੇ ਐਸ ਏ ਐਫ ਈ ਆਰ (ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ ਘੱਟ ਆਮਦਨੀ ਵਾਲੇ ਬਜ਼ੁਰਗਾਂ ਲਈ (60 ਸਾਲ ਤੋਂ ਉੱਪਰ)) (ਫੋਨ ਨੰਬਰ: 604-433-2218 ਜਾਂ 1-800-257-7756; ਵੈੱਬਸਾਈਟ: https://www.bchousing.org/housing-assistance/rental-assistance-financial-aid-for-home-modifications)

ਹੋਰ ਵੀ ਜਥੇਬੰਦੀਆਂ ਹਨ ਜਿਹੜੀਆਂ ਇਸ ਜਾਣਕਾਰੀ ਸਫੇ ’ਤੇ ਸ਼ਾਮਲ ਨਹੀਂ ਜੋ ਘਰਾਂ ਸਬੰਧੀ ਸਲਾਹ ਮਸ਼ਵਰਾ, ਆਰਥਿਕ ਸਹਾਇਤਾ, ਹਵਾਲਾ ਅਤੇ ਇਮਦਾਦ ਪ੍ਰਦਾਨ ਕਰ ਸਕਦੀਆਂ ਹਨ ਸਣੇ ਉਨ੍ਹਾਂ ਜਥੇਬੰਦੀਆਂ ਦੇ ਜੋ ਵਿਸ਼ੇਸ਼ ਆਵਾਸੀਆਂ ਅਤੇ ਰਿਫਿਊਜੀਆਂ ਅਤੇ ਮੁੱਢਲੇ ਕਨੇਡੀਅਨ ਵਾਸੀਆਂ ਵਾਸਤੇ ਹਨ।